ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 27 ਜੂਨ, 1999

ਵਿਚਾਰ-ਚਰਚਾ —— ਗੁਰਸ਼ਰਨ ਸਿੰਘ

# ਸਾਥੀ ਪ੍ਰਦੁਮਣ ਸਿੰਘ ਦੀਆਂ ਬੁਢਾਪਾ ਸੁਰੱਖਿਆ ਬਾਰੇ ਖੋਜਾਂ

ਬਜ਼ੁਰਗਾਂ ਦੀ ਸੇਵਾ ਸਾਡੇ ਸਭਿਆਚਾਰ ਦਾ ਇਕ ਮਹੱਤਵਪੂਰਨ ਹਿੱਸਾ ਹੈ। ਘਰ ਵਿਚ ਸੰਕਟ ਵਰਗਾ ਵਾਤਾਵਰਣ ਬਣ ਜਾਂਦਾ ਹੈ, ਜਦੋਂ ਇਹ ਸੇਵਾ ਨਹੀਂ ਹੋ ਸਕਦੀ। ਬਜ਼ੁਰਗਾਂ ਦਾ ਆਪਣਾ ਪੱਖ ਹੈ, ਜਦੋਂ ਉਹ ਆਪਣੇ ਅਤੀਤ ਨੂੰ ਯਾਦ ਕਰਦੇ ਹੋਏ ਵਰਤਮਾਨ ਨਾਲ ਸਮਝੌਤਾ ਨਹੀਂ ਕਰ ਸਕਦੇ। ਉਹ ਹਰ ਵੇਲੇ ਬੁੜਬੁੜ ਕਰਦੇ ਆਪਣਾ ਰੋਸ ਜ਼ਾਹਰ ਕਰਦੇ ਰਹਿੰਦੇ ਹਨ ਅਤੇ ਦੂਜਿਆਂ ਲਈ ਅਕੇਵੇਂ ਦਾ ਕਾਰਨ ਬਣਦੇ ਹਨ। ਸਾਹਿਤ ਵਿਚ ਬਹੁਤ ਸਾਰੀਆਂ ਕਹਾਣੀਆਂ ਇਸ ਵਿਸ਼ੇ 'ਤੇ ਮਿਲਦੀਆਂ ਹਨ। ਇਸੇ ਵਿਸ਼ੇ ਨੂੰ ਲੈ ਕੇ ਬਹੁਤ ਵਾਰੀ ਅਤੀਤ ਅਤੇ ਵਰਤਮਾਨ ਦੀ ਟੱਕਰ ਜਾਂ ਦੋ ਪੀੜ੍ਹੀਆਂ ਦੀ ਟੱਕਰ ਪ੍ਰਤੀਕਾਤਮਕ ਤੌਰ 'ਤੇ ਪੇਸ਼ ਕੀਤੀ ਜਾਂਦੀ ਹੈ। ਗੁਰਚਰਨ ਸਿੰਘ ਜਸੂਜਾ ਦਾ ਇਕ ਪ੍ਰਸਿੱਧ ਨਾਟਕ 'ਤਰਕਾਲਾਂ ਵੇਲੇ' ਬਜ਼ੁਰਗਾਂ ਦਾ ਦੁੱਖ ਦੱਸਦਾ ਹੈ। ਇਕ ਬਜ਼ੁਰਗ ਆਪਣੀ ਸਾਰੀ ਉਮਰ ਦੀ ਕਮਾਈ ਨਾਲ ਬੜੇ ਚਾਅ ਨਾਲ ਆਪਣਾ ਘਰ ਬਣਾਉਂਦਾ ਹੈ। ਆਪਣੀ ਪਸੰਦ ਦਾ ਕੰਧਾਂ 'ਤੇ ਡਿਸਟੈਂਪਰ ਅਤੇ ਬੂਹੇ-ਬਾਰੀਆਂ 'ਤੇ ਰੰਗ ਕਰਵਾਉਂਦਾ ਹੈ। ਪੁੱਤਰਾਂ ਦਾ ਵਿਆਹ ਹੁੰਦਾ ਹੈ। ਨੂੰਹ ਦੀ ਪਸੰਦ ਹੋਰ ਰੰਗਾਂ ਦੀ ਹੈ। ਹੌਲੇ-ਹੌਲੇ ਬਜ਼ੁਰਗ ਜੋੜਾ ਉਸ ਕਮਰੇ ਵਿਚ ਰਹਿਣ ਲਈ ਮਜਬੂਰ ਹੋ ਜਾਂਦਾ ਹੈ, ਜੋ ਉਨ੍ਹਾਂ ਨੇ ਫਾਲਤੂ ਸਾਮਾਨ ਰੱਖਣ ਲਈ ਬਣਾਇਆ ਹੁੰਦਾ ਹੈ।

ਇਸ ਨਾਟਕ ਵਿਚ ਵੀ ਅਤੇ ਇਸ ਵਿਸ਼ੇ 'ਤੇ ਹੋਰ ਬਹੁਤ ਸਾਰੀਆਂ ਕਹਾਣੀਆਂ ਨੂੰ ਨੂੰਹ ਅਤੇ ਸੱਸ ਸਹੁਰੇ ਦੇ ਦਰਮਿਆਨ ਪੈਦਾ ਹੋਏ ਵਿਰੋਧਤਾ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ, ਪਰ ਹੁਣ ਇਹ ਪਹੁੰਚ ਬੜੀ ਸੀਮਤ ਪਹੁੰਚ ਸਮਝੀ ਜਾਂਦੀ ਹੈ। ਬਜ਼ੁਰਗਾਂ ਦੀ ਸੇਵਾ ਹੁਣ ਨੂੰਹ, ਸੱਸ, ਸਹੁਰੇ ਦੀ ਸਮੱਸਿਆ ਨਹੀਂ ਸਮਝੀ ਜਾਂਦੀ, ਹੁਣ ਇਸ ਨੂੰ ਇਕ ਵੱਡਾ ਸਮਾਜਿਕ ਮਸਲਾ ਸਮਝਿਆ ਜਾਂਦਾ ਹੈ, ਜਿਸ ਨੂੰ ਸਮਾਜਿਕ ਅਤੇ ਸਿਆਸੀ ਸਿਸਟਮ ਦੇ ਸੰਦਰਭ ਵਿਚ ਸੰਬੋਧਨ ਹੋਣਾ ਜ਼ਰੂਰੀ ਹੈ। ਇਥੇ ਹੀ ਅੰਮ੍ਰਿਤਸਰ ਦੇ ਪ੍ਰਸਿੱਧ ਮਜ਼ਦੂਰ ਆਗੂ ਕਾਮਰੇਡ ਪ੍ਰਦੁਮਣ ਸਿੰਘ ਦੇ ਕੰਮ ਦਾ ਜ਼ਿਕਰ ਕੀਤਾ ਜਾ ਰਿਹਾ ਹੈ।

ਕਾ. ਪ੍ਰਦੁਮਣ ਸਿੰਘ ਅੰਮ੍ਰਿਤਸਰ ਦੀ ਮਜ਼ਦੂਰ ਲਹਿਰ ਦਾ ਇਕ ਸਿਰਮੌਰ ਆਗੂ ਹੈ। ਉਹ ਪਿਛਲੇ 52 ਸਾਲਾਂ ਤੋਂ ਟੈਕਸਟਾਇਲ ਵਰਕਰਜ਼ ਯੂਨੀਅਨ ਦਾ ਆਗੂ ਹੈ।

ਕਾਮਰੇਡ ਸਤਪਾਲ ਡਾਂਗ ਦਾ ਨਿਕਟਵਰਤੀ ਸਾਥੀ ਹੈ। ਮੈਂ ਜਦੋਂ 1948-51 ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਦਾ ਸਾਂ ਤਾਂ ਉਹ ਸਾਡੇ ਕਮਿਊਨਿਸਟ ਵਿਚਾਰਧਾਰਾ ਤੋਂ ਪ੍ਰਭਾਵਤ ਵਿਦਿਆਰਥੀਆਂ ਦਾ ਮਾਰਗ ਦਰਸ਼ਕ ਸੀ। ਬਜ਼ੁਰਗਾਂ ਲਈ ਸਮਾਜਿਕ ਸੁਰੱਖਿਆ ਦੇ ਵਿਸ਼ੇ 'ਤੇ ਸਾਥੀ ਪ੍ਰਦੁਮਣ ਸਿੰਘ ਨੇ ਵਿਸ਼ਵ ਪ੍ਰਸਿੱਧਤਾ ਦਾ ਕੰਮ ਕੀਤਾ ਹੈ। ਉਂਝ ਇਹ ਤ੍ਰਾਸਦੀ ਹੈ ਕਿ ਵਿਸ਼ਵ ਦੇ ਸਮਾਜਿਕ ਵਿਗਿਆਨ ਨਾਲ ਸਬੰਧਤ ਚਿੰਤਕਾਂ ਵਿਚ ਜਿਸ ਕੰਮ ਦਾ ਚਰਚਾ ਹੈ, ਉਹਦੀ ਸਾਡੇ ਆਪਣੇ ਲੋਕਾਂ ਨੂੰ ਜਾਣਕਾਰੀ ਨਹੀਂ। ਟਰੇਡ ਯੂਨੀਅਨ ਫਰੰਟ 'ਤੇ ਲੰਮੇ ਅਰਸੇ ਦਾ ਕੰਮ ਦੇ ਦੌਰਾਨ, ਪ੍ਰਦੁਮਣ ਸਿੰਘ ਨੇ ਉਨ੍ਹਾਂ ਮਜ਼ਦੂਰਾਂ ਦੀ ਦੁਰਦਸ਼ਾ ਵੇਖੀ ਹੈ, ਜਦੋਂ ਉਹ ਬੁੱਢੇ ਹੋ ਜਾਂਦੇ ਹਨ। ਸਾਰੀ ਉਮਰ ਉਹ ਮਸ਼ੀਨਾਂ 'ਤੇ ਕੰਮ ਕਰਦੇ ਰਹੇ ਹਨ। ਚੰਗੇ ਕਾਰੀਗਰ ਵੀ ਰਹੇ ਹਨ ਪਰ ਹੁਣ ਜਦੋਂ ਉਹ ਸਰੀਰਕ ਤੌਰ 'ਤੇ ਕੰਮ ਕਰਨ ਦੇ ਯੋਗ ਨਹੀਂ ਰਹੇ ਤਾਂ ਉਨ੍ਹਾਂ ਦੀ ਜ਼ਿੰਦਗੀ ਬੜੀ ਔਖੀ ਹੋ ਗਈ ਹੈ। ਉਹ ਹੁਣ ਆਪਣੇ ਧੀਆਂ, ਪੁੱਤਰਾਂ 'ਤੇ ਨਿਰਭਰ ਹਨ। ਆਪਣੀ ਕੰਮ ਦੀ ਉਮਰ ਵਿਚ ਉਹ ਆਪਣੀ ਕਮਾਈ ਵਿਚ ਮਸਾਂ ਧੀਆਂ-ਪੁੱਤਰਾਂ ਨੂੰ ਪਾਲਦੇ ਰਹੇ ਹਨ। ਉਹ ਕੁੱਝ ਬੱਚਤ ਨਹੀਂ ਕਰ ਸਕੇ। ਹੁਣ ਧੀਆਂ-ਪੁੱਤਰਾਂ ਵਿਚ ਜਵਾਈ ਅਤੇ ਨੂੰਹਾਂ ਵੀ ਸ਼ਾਮਿਲ ਹਨ। ਉਨ੍ਹਾਂ ਨੇ ਇਨ੍ਹਾਂ ਬਜ਼ੁਰਗਾਂ ਦੀ ਜਵਾਨੀ ਵੇਲੇ ਆਪਣੇ ਧੀਆਂ-ਪੁੱਤਾਂ ਲਈ ਸ਼ਫਕਤ ਨੂੰ ਨਹੀਂ ਵੇਖਿਆ ਹੋਇਆ। ਇਸ ਲਈ ਉਹ ਉਨ੍ਹਾਂ ਨੂੰ ਵਾਧੂ ਦਾ ਭਾਰ ਸਮਝਦੇ ਹਨ।

ਕਾ. ਪ੍ਰਦੁਮਣ ਸਿੰਘ ਨੇ ਇਨ੍ਹਾਂ ਬਜ਼ੁਰਗਾਂ ਦੀ ਕੇਸ ਹਿਸਟਰੀ ਲੈ ਕੇ ਕੁੱਝ ਨਿਚੋੜ ਕੱਢੇ ਹਨ। ਵੱਡਾ ਨਿਚੋੜ ਇਹ ਹੈ ਕਿ ਬੁਢਾਪਾ ਪੈਨਸ਼ਨ ਚੰਗੇ ਸਮਾਜ ਦੇ ਪ੍ਰੋਗਰਾਮ ਵਿਚ ਇਕ ਵੱਡੀ ਲੋੜ ਹੈ। ਵੱਡੀ ਹੀ ਨਹੀਂ ਬਹੁਤ ਵੱਡੀ ਲੋੜ ਹੈ। ਉਹਨੇ ਜੋ ਨਿਚੋੜ ਕੱਢੇ ਹਨ। ਉਨ੍ਹਾਂ ਦੀ ਅੰਕੜਿਆਂ ਨਾਲ ਪੁਸ਼ਟੀ ਕੀਤੀ ਹੈ। ਇਸ ਸਬੰਧ ਵਿਚ ਵਿਸ਼ਵ ਪੱਧਰ ਦੀਆਂ ਜਿਹੜੀਆਂ ਮਜ਼ਦੂਰ ਸੰਸਥਾਵਾਂ ਹਨ, ਉਨ੍ਹਾਂ ਨੇ ਕਾਮਰੇਡ ਪ੍ਰਦੁਮਣ ਸਿੰਘ ਦੀਆਂ ਸਮਾਜਿਕ ਖੋਜ ਤੇ ਆਧਾਰਤ ਧਾਰਨਾਵਾਂ ਨੂੰ ਬੜੀ ਮਹੱਤਤਾ ਦਿੱਤੀ ਹੈ। ਉਨ੍ਹਾਂ ਨੂੰ ਵੱਡਾ ਸਨਮਾਨ ਦਿੱਤਾ ਹੈ। ਅਗਲੇ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਵਿਚੋਂ ਇਨ੍ਹਾਂ ਖੋਜਾਂ ਨੂੰ ਆਧਾਰ ਬਣਾਇਆ ਗਿਆ ਹੈ।

ਬੁਢਾਪਾ ਸੁਰੱਖਿਆ ਹੁਣ ਨੂੰਹ-ਸੱਸ, ਸਹੁਰੇ ਦਾ ਮਸਲਾ ਨਹੀਂ। ਇਸਨੂੰ ਇਸ ਦ੍ਰਿਸ਼ਟੀ ਨਾਲ ਵੇਖਿਆਂ ਅਸਲੀ ਮੁੱਦਾ ਧੁੰਦਲਾ ਹੋ ਜਾਂਦਾ ਹੈ। ਇਹ ਮਿਹਨਤ ਦੁਸ਼ਮਣ ਸਮਾਜਿਕ ਸਿਸਟਮ ਦੀ ਦੇਣ ਹੈ, ਇਸ ਨੂੰ ਇਸੇ ਸੰਦਰਭ ਵਿਚ ਲੈਣਾ ਜ਼ਰੂਰੀ ਹੈ। ਸਿਆਸੀ ਪਾਰਟੀਆਂ ਨੂੰ ਅਤੇ ਖਾਸ ਕਰਕੇ ਖੱਬੀਆਂ ਪਾਰਟੀਆਂ ਲਈ ਇਸ ਮਸਲੇ ਨੂੰ ਸਹੀ ਵਿਗਿਆਨਿਕ ਸੋਚ ਨਾਲ ਸੰਬੋਧਨ ਹੋਣਾ ਜ਼ਰੂਰੀ ਹੈ ਚੋਣ ਮੈਨੀਫੈਸਟੋ ਵਿਚ ਬੁਢਾਪਾ ਪੈਨਸ਼ਨ ਇਕ ਅਹਿਮ ਮੁੱਦਾ ਹੋਣਾ ਲੋੜੀਂਦਾ ਹੈ।

ਸਾਧਨਾਂ ਦੀ ਜੇਕਰ ਕਮੀ ਹੈ ਤਾਂ ਹਰ ਇਕ ਬੁੱਢੇ ਦੀ ਥਾਂ ਇਹ ਜ਼ਰੂਰ ਦੇਖਿਆ ਜਾਏ ਕਿ ਗਰੀਬ ਵਰਗ ਦੇ ਸੌ ਫੀਸਦੀ ਬਜ਼ੁਰਗਾਂ ਨੂੰ ਪੈਨਸ਼ਨ ਦਿੱਤੀ ਜਾਏ। ਪਟਵਾਰੀਆਂ ਦੇ ਸਰਟੀਫਿਕੇਟਾਂ ਦੀ ਲੋੜ ਨਹੀਂ। ਉਂਜ ਸਾਧਨਾਂ ਦੀ ਘਾਟ ਵੀ ਐਂਵੇ ਇਕ ਬਹਾਨਾ ਹੈ। ਇਸ ਦੇਸ਼ ਵਿਚ ਅਮੀਰਾਂ ਕੋਲ ਆਯਾਸ਼ੀ ਲਈ ਬਹੁਤ ਪੈਸਾ ਹੈ। ਚੰਡੀਗੜ੍ਹ ਦੇ ਸੈਕਟਰ-9 ਵਿਚ 'ਐਬਨੀ' ਵਰਗੇ ਬਾਹਰਲੇ ਦੇਸ਼ਾਂ ਨੂੰ ਮਾਤ ਪਾਉਂਦੇ ਸੁਪਰ ਸਟੋਰ ਐਂਵੇ ਨਹੀਂ ਖੁੱਲ੍ਹ ਰਹੇ। ਅਮੀਰਾਂ ਦਾ ਇਹ ਪੈਸਾ ਟੈਕਸਾਂ ਰਾਹੀਂ ਅਮੀਰਾਂ ਕੋਲੋਂ ਖੋਹਿਆ ਜਾਏ। ਗ਼ਰੀਬਾਂ ਅਤੇ ਖਾਸ ਕਰਕੇ ਗਰੀਬ ਬਜ਼ੁਰਗਾਂ ਦੀ ਬੇਹਤਰੀ ਲਈ ਇਹ ਵਰਤਿਆ ਜਾਏ। ਦੇਸ਼ ਵਿਚ ਜੇਕਰ ਅਮਨ ਸ਼ਾਂਤੀ ਵੇਖਣੀ ਲੋੜੀਂਦੀ ਹੈ ਤਾਂ ਇਹ ਕਦਮ ਚੁੱਕਣੇ ਜ਼ਰੂਰੀ ਹਨ। ਨਹੀਂ ਤਾਂ ਲੁੱਟ-ਮਾਰ ਹੋਣੀ ਹੀ ਹੋਣੀ ਹੈ। ਦਿੱਲੀ ਵਿਚ ਇਹ ਅਮਲ ਸ਼ੁਰੂ ਹੈ।

ਕਾਮਰੇਡ ਪ੍ਰਦੁਮਣ ਸਿੰਘ ਨੂੰ ਇਸ ਮਸਲੇ ਨੂੰ ਸਮਾਜਿਕ ਖੋਜ 'ਤੇ ਆਧਾਰਤ ਸ਼ਿੱਦਤ ਨਾਲ ਪੇਸ਼ ਕਰਨ ਤੇ ਸਾਡਾ ਸਲਾਮ ਕਰਨਾ ਬਣਦਾ ਹੈ। ਸਮਾਜਿਕ ਅਤੇ ਸੱਭਿਆਚਾਰਕ ਮੁੱਦਿਆਂ ਨੂੰ ਸਿਆਸੀ ਮੁੱਦਿਆਂ ਦੇ ਨਾਲ-ਨਾਲ ਪੇਸ਼ ਕਰਨਾ ਅੱਜ ਸਮੇਂ ਦੀ ਲੋੜ ਹੈ।